# Judicial Council of California “How to Attend Your Remote Court Proceeding on Zoom” Video Transcript — Punjabi

**(Voice over)**

Zoom ਇੱਕ ਤਕਨੀਕੀ ਪ੍ਰੋਗਰਾਮ ਹੈ ਜੋ ਕਿ ਲੋਕਾਂ ਨੂੰ ਵੀਡੀਓ ਦੁਆਰਾ ਕਿਸੇ ਵੀ ਸਥਾਨ ਤੋਂ ਇੱਕ ਹੀ ਮੀਟਿੰਗ ਨਾਲ ਜੁੜਣ ਦਿੰਦਾ ਹੈ। ਅਦਾਲਤੀ ਕਾਰਵਾਈ ਕਰਨ ਲਈ ਤੁਹਾਡੀ ਕੋਰਟ Zoom ਦਾ ਉਪਯੋਗ ਕਰ ਸਕਦੀ ਹੈ। ਇਹ ਵੀਡੀਓ ਤੁਹਾਨੂੰ ਦੱਸੇਗਾ ਕਿ Zoom ’ਤੇ ਨਿਰਧਾਰਿਤ ਸਮੇਂ ’ਤੇ ਆਪਣੀ ਕਾਰਵਾਈ ਵਿੱਚ ਕਿਵੇਂ ਸ਼ਾਮਲ ਹੋਈਏ। ਇਹ ਤੁਹਾਨੂੰ ਇਹ ਵੀ ਦੱਸੇਗਾ ਕਿ ਜੇਕਰ ਤੁਸੀਂ ਦੁਭਾਸ਼ੀਏ ਲਈ ਕਿਹਾ ਹੈ, ਤਾਂ ਵਿਆਖਿਆ ਵਿੱਚ ਕਿਵੇਂ ਸ਼ਾਮਲ ਹੋਈਏ।

Zoom ’ਤੇ ਦੂਰ-ਦੁਰਾਡੇ ਦੀ ਕਾਰਵਾਈ ਵਿੱਚ ਸ਼ਾਮਲ ਹੋਣ ਲਈ, ਤੁਹਾਨੂੰ ਵੀਡੀਓ ਅਤੇ ਆਡੀਓ ਲਈ ਇੱਕ ਉਪਕਰਨ ਦੀ ਲੋੜ ਪਵੇਗੀ। ਇਹ ਇੱਕ ਕੰਪਿਊਟਰ (ਜਿਵੇਂਕਿ ਲੈਪਟਾਪ ਜਾਂ ਡੈਸਕਟਾਪ), ਟੈਬਲੈਟ ਜਾਂ ਸਮਾਰਟਫੋਨ ਹੋ ਸਕਦਾ ਹੈ। ਡਿਵਾਈਸ ਵਿੱਚ ਇੱਕ ਕੈਮਰਾ (ਵੀਡੀਓ ਲਈ) ਅਤੇ ਇੱਕ ਮਾਈਕ੍ਰੋਫੋਨ (ਆਡੀਓ ਲਈ) ਹੋਣਾ ਚਾਹੀਦਾ ਹੈ। ਇਸ ਕੋਲ ਵਾਇਰਡ ਕੁਨੈਕਸ਼ਨ, ਵਾਈ-ਫਾਈ ਜਾਂ ਫਿਰ ਸੈਲੂਲਰ ਡੈਟਾ ਦੁਆਰਾ ਇੰਟਰਨੈਟ ਤੱਕ ਪਹੁੰਚ ਹੋਣੀ ਚਾਹੀਦੀ ਹੈ।

ਜੇਕਰ ਤੁਹਾਡੇ ਕੋਲ ਇਹਨਾਂ ਵਿੱਚੋਂ ਕਿਸੇ ਇੱਕ ਡਿਵਾਈਸ ਤੱਕ ਪਹੁੰਚ ਨਹੀਂ ਹੈ, ਤਾਂ ਤੁਸੀਂ ਲੈਂਡਲਾਈਨ ਜਾਂ ਮੋਬਾਈਲ ਦਾ ਉਪਯੋਗ ਕਰ ਕੇ Zoom ’ਤੇ ਇੱਕ ਦੂਰ-ਦੁਰਾਡੇ ਸਥਿਤ ਕੋਰਟ ਦੀ ਕਾਰਵਾਈ ਵਿੱਚ ਡਾਇਲ ਕਰਨ ਦੇ ਸਮਰੱਥ ਹੋ ਸਕਦੇ ਹੋ। ਜੇਕਰ ਤੁਹਾਨੂੰ ਇਸ ਵਿਕਲਪ ਦੀ ਲੋੜ ਹੈ, ਤਾਂ ਕੋਰਟ ਨੂੰ ਸੂਚਿਤ ਕਰੋ, ਖਾਸ ਤੌਰ ’ਤੇ ਜੇਕਰ ਤੁਹਾਨੂੰ ਵਿਆਖਿਆ ਦੀ ਲੋੜ ਹੈ।

ਆਪਣੀ ਨਿਰਧਾਰਿਤ ਅਦਾਲਤੀ ਕਾਰਵਾਈ ਤੋਂ ਲਗਭਗ 10 ਮਿੰਟ ਪਹਿਲਾਂ, Zoom ਮੀਟਿੰਗ ਲਿੰਕ ਦੀ ਚੋਣ ਕਰ ਕੇ ਜਾਂ ਇਸ ਨੂੰ ਵੈੱਬ ਬਰਾਊਸਰ ਵਿੱਚ ਦਰਜ ਕਰ ਕੇ ਮੀਟਿੰਗ ਵਿੱਚ ਸ਼ਾਮਲ ਹੋਵੋ। ਜਾਂ, ਜੇਕਰ ਤੁਸੀਂ Zoom ਐਪਲੀਕੇਸ਼ਨ ਡਾਊਨਲੋਡ ਕੀਤੀ ਹੈ, ਤਾਂ ਇਸ ਨੂੰ ਆਪਣੀ ਡਿਵਾਈਸ ’ਤੇ ਖੋਲੋ। ਫਿਰ, ਜੇਕਰ ਲੋੜ ਪਵੇ ਤਾਂ, ਮੀਟਿੰਗ ਆਈ.ਡੀ. ਅਤੇ ਮੀਟਿੰਗ ਪਾਸਕੋਡ ਦਰਜ ਕਰੋ। ਇਹ ਜਾਣਕਾਰੀ ਤੁਹਾਨੂੰ ਕੋਰਟ ਤੋਂ ਹਾਸਲ ਸੱਦੇ ਵਿੱਚ ਮਿਲ ਸਕਦੀ ਹੈ।

ਧਿਆਨ ਰੱਖੋ, ਜੇਕਰ Zoom ਐਪਲੀਕੇਸ਼ਨ ਦਾ ਉਪਯੋਗ ਕਰ ਰਹੇ ਹੋ, ਤਾਂ ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਆਪਣੇ ਸਾਰੇ ਨਵੀਨਤਮ ਅੱਪਡੇਟਸ ਡਾਊਨਲੋਡ ਕਰ ਰਹੇ ਹਨ, ਖਾਸ ਤੌਰ ’ਤੇ ਜੇਕਰ ਤੁਸੀਂ ਪਹਿਲਾਂ ਆਪਣੀ ਡਿਵਾਈਸ ’ਤੇ ਇਹ ਐਪਲੀਕੇਸ਼ਨ ਇੰਸਟਾਲ ਕੀਤੀ ਹੈ।

ਜੇਕਰ ਤੁਸੀਂ ਕੰਪਿਊਟਰ ਦਾ ਉਪਯੋਗ ਕਰ ਰਹੇ ਹੋ, ਅਤੇ ਤੁਸੀਂ Zoom ਐਪਲੀਕੇਸ਼ਨ ਡਾਊਨਲੋਡ ਨਹੀਂ ਕੀਤੀ ਹੈ, ਤਾਂ ਤੁਸੀਂ ਕਿਸੇ ਵੀ ਵੈੱਬ ਬ੍ਰਾਊਜ਼ਰ ’ਤੇ https://zoom.us/join ’ਤੇ ਜਾ ਸਕਦੇ ਹੋ। ਮੀਟਿੰਗ ਆਈ.ਡੀ. ਦਰਜ ਕਰੋ ਅਤੇ “ Join )ਸ਼ਾਮਲ ਹੋਵੋ(” ਦੀ ਚੋਣ ਕਰੋ। Zoom ਤੁਹਾਨੂੰ ਪੁੱਛੇਗਾ ਕਿ ਕੀ ਤੁਸੀਂ ਐਪਲੀਕੇਸ਼ਨ ਡਾਊਨਲੋਡ ਕਰਨਾ ਚਾਹੁੰਦੇ ਹੋ ਜਾਂ ਫਿਰ ਵੈੱਬ

ਬਰਾਊਸਰ ਦੇ ਮਾਧਿਅਮ ਨਾਲ ਜੁੜਣਾ ਚਾਹੁੰਦੇ ਹੋ।  “) Join from Your Browserਆਪਣੇ ਬ੍ਰਾਊਜ਼ਰ ਰਾਹੀਂ ਸ਼ਾਮਲ ਹੋਵੋ(” ਦੀ ਚੋਣ ਕਰੋ।

ਸ਼ਾਮਲ ਹੋਣ ’ਤੇ ਤੁਹਾਨੂੰ ਆਪਣਾ ਨਾਮ ਦਰਜ ਕਰਨ ਲਈ ਵੀ ਕਿਹਾ ਜਾ ਸਕਦਾ ਹੈ, ਖਾਸ ਤੌਰ ’ਤੇ ਜੇਕਰ ਤੁਸੀਂ ਪਹਿਲਾਂ ਆਪਣੀ ਡਿਵਾਈਸ ’ਤੇ Zoom ਨਾਲ ਕਨੈਕਟ ਨਹੀਂ ਕੀਤਾ ਹੈ। ਆਪਣਾ ਪੂਰਾ ਨਾਮ ਦਰਜ ਕਰਨਾ ਸੁਨਿਸ਼ਚਿਤ ਕਰੋ ਅਤੇ ਇਹ “iPhone”, ਤੁਹਾਡੇ ਫੋਨ ਨੰਬਰ ਜਾਂ ਫਿਰ ਪਰਿਵਾਰ ਦੇ ਕਿਸੇ ਹੋਰ ਮੈਂਬਰ ਦੇ ਨਾਮ ਦੇ ਰੂਪ ਵਿੱਚ ਦਿਖਾਈ ਨਹੀਂ ਦਿੰਦਾ ਹੈ। ਇਸ ਨਾਲ ਕੋਰਟ ਨੂੰ ਤੁਹਾਡੀ ਪਛਾਣ ਕਰਨ ਵਿੱਚ ਸਹਾਇਤਾ ਮਿਲੇਗੀ।

Zoom ਤੁਹਾਨੂੰ ਆਡੀਓ ਅਤੇ ਵੀਡੀਓ ਨਾਲ ਕੁਨੈਕਟ ਕਰਨ ਲਈ ਵੀ ਪ੍ਰੇਰਿਤ ਕਰੇਗਾ। ਆਪਣੇ ਕੈਮਰੇ ਤੱਕ ਪਹੁੰਚ ਦੀ ਅਨੁਮਤੀ ਦੇਣਾ ਸੁਨਿਸ਼ਚਿਤ ਕਰੋ ਅਤੇ ਸੰਕੇਤ ਮਿਲਣ ’ਤੇ “Join with Video (ਵੀਡੀਓ ਵਿੱਚ ਸ਼ਾਮਲ ਹੋਵੋ)” ਦੀ ਚੋਣ ਕਰੋ। ਜੇਕਰ ਇਹ ਪੁੱਛਿਆ ਜਾਵੇ ਕਿ ਤੁਸੀਂ ਆਡੀਓ ਨਾਲ ਕਿਵੇਂ ਸ਼ਾਮਲ ਹੋਣਾ ਚਾਹੁੰਦੇ ਹੋ, ਤਾਂ ਆਪਣੀ ਡਿਵਾਈਸ ਦਾ ਆਡੀਓ ਚੁਣੋ ਜਾਂ ਫਿਰ ਵਾਈ-ਫਾਈ ਨਾਲ ਕੁਨੈਕਟ ਕਰੋ। ਜੇਕਰ ਤੁਸੀਂ ਚਾਹੋ, ਤਾਂ ਕਿਸੇ ਫੋਨ ਜਾਂ ਟੈਬਲੈਟ ’ਤੇ ਸੈਲੂਲਰ ਡੈਟਾ ਦਾ ਉਪਯੋਗ ਕਰ ਕੇ ਵੀ ਜੁੜ ਸਕਦੇ ਹੋ। (ਧਿਆਨ ਦਿਓ ਕਿ ਡੈਟਾ ਦਰਾਂ ਲਾਗੂ ਹੁੰਦੀਆਂ ਹਨ।) ਜੇਕਰ ਤੁਹਾਡੀ ਡਿਵਾਈਸ ਵਿੱਚ ਮਾਈਕ੍ਰੋਫੋਨ ਨਹੀਂ ਹੈ, ਤਾਂ ਤੁਸੀਂ ਆਡੀਓ ਲਈ ਟੈਲੀਫੋਨ ਦਾ ਉਪਯੋਗ ਕਰ ਸਕਦੇ ਹੋ। ਮੀਟਿੰਗ ਸੱਦੇ ਦਾ ਹਵਾਲਾ ਲਓ ਅਤੇ ਸੂਚੀਬੱਧ ਫੋਨ ਨੰਬਰਾਂ ਵਿੱਚੋਂ ਕਿਸੇ ਇੱਕ ’ਤੇ ਕਾਲ ਕਰੋ। ਜੇਕਰ ਲੋੜ ਪਵੇ, ਤਾਂ ਆਪਣੀ ਮੀਟਿੰਗ ਆਈ.ਡੀ. ਅਤੇ ਪਾਸਕੋਡ ਦਰਜ ਕਰਨ ਲਈ ਸੰਕੇਤਾਂ ਦੀ ਪਾਲਣਾ ਕਰੋ। ਫਿਰ ਤੋਂ, ਜੇਕਰ ਤੁਸੀਂ ਡਾਇਲ ਕਰ ਰਹੇ ਹੋ, ਤਾਂ ਕੋਰਟ ਨੂੰ ਸੂਚਿਤ ਕਰੋ, ਖਾਸ ਤੌਰ ’ਤੇ ਉਦੋਂ, ਜਦੋਂ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ।

ਜਦੋਂ ਤੁਸੀਂ ਸ਼ਾਮਲ ਹੁੰਦੇ ਹੋ, ਤਾਂ ਤੁਹਾਨੂੰ ਉਦੋਂ ਤੱਕ ਇੰਤਜ਼ਾਰ ਕਰਨਾ ਪੈ ਸਕਦਾ ਹੈ, ਜਦੋਂ ਤੱਕ ਕਿ ਕੋਰਟ ਮੀਟਿੰਗ ਸ਼ੁਰੂ ਨਾ ਕਰੇ ਅਤੇ ਤੁਹਾਨੂੰ ਮੀਟਿੰਗ ਵਿੱਚ ਸ਼ਾਮਲ ਨਾ ਹੋਣ ਦੇਵੇ। ਜੇਕਰ ਅਜਿਹਾ ਹੁੰਦਾ ਹੈ, ਤਾਂ ਤੁਹਾਨੂੰ ਉਦੋਂ ਤੱਕ ਇੰਤਜ਼ਾਰ ਕਰਨ ਲਈ ਇੱਕ ਸੂਚਨਾ ਦਿਖਾਈ ਦੇਵੇਗੀ ਜਦੋਂ ਤੱਕ ਕਿ ਹੋਸਟ ਤੁਹਾਨੂੰ ਅੰਦਰ ਨਾ ਆਉਣ ਦੇਵੇ। ਜੇਕਰ ਤੁਹਾਡੇ ਤੋਂ ਪਹਿਲਾਂ ਕੁਝ ਹੋਰ ਕੇਸ ਹਨ, ਤਾਂ ਤੁਹਾਨੂੰ ਆਪਣਾ ਕੇਸ ਬੁਲਾਏ ਜਾਣ ਤੱਕ ਕੁਝ ਸਮਾਂ ਇੰਤਜ਼ਾਰ ਕਰਨਾ ਪੈ ਸਕਦਾ ਹੈ।

ਜਦੋਂ ਕੋਰਟ ਤੁਹਾਨੂੰ ਅੰਦਰ ਆਉਣ ਦਿੰਦਾ ਹੈ, ਤਾਂ ਤੁਸੀਂ ਹੋਰਨਾਂ ਪ੍ਰਤੀਭਾਗੀਆਂ ਨੂੰ ਸਕਰੀਨ ’ਤੇ ਦੇਖੋਗੇ। ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਉਹਨਾਂ ਨੂੰ ਸਪੱਸ਼ਟ ਰੂਪ ਵਿੱਚ ਦੇਖ ਸਕਦੇ ਹੋ ਅਤੇ ਉਹ ਵੀ ਤੁਹਾਨੂੰ ਦੇਖ ਸਕਦੇ ਹਨ। ਕੰਪਿਊਟਰ ’ਤੇ ਤੁਹਾਨੂੰ ਸਾਰੇ ਪ੍ਰਤੀਭਾਗੀਆਂ ਨੂੰ ਦੇਖਣ ਲਈ “) Viewਵਿਊ(” ਮੀਨੂ ਤੋਂ “) Gallery Viewਗੈਲਰੀ ਵਿਊ(” ਦੀ ਚੋਣ ਕਰਨੀ ਪੈ ਸਕਦੀ ਹੈ। “Speaker View (ਸਪੀਕਰ ਵਿਊ)” ਦੀ ਚੋਣ ਸਿਰਫ ਬੋਲਣ ਵਾਲੇ ਵਿਅਕਤੀ ਨੂੰ ਦਿਖਾਏਗਾ। ਸਮਾਰਟਫੋਨ ਜਾਂ ਟੈਬਲੈਟ ’ਤੇ, ਤੁਸੀਂ ਗੈਲਰੀ ਵਿਊ ਲਈ ਨੋ-ਸਕੁਏਅਰ ਆਈਕਨ ’ਤੇ ਟੈਪ ਕਰ ਸਕਦੇ ਹੋ। ਹੋਰਨਾਂ ਸਾਰੇ ਪ੍ਰਤੀਭਾਗੀਆਂ ਨੂੰ ਦੇਖਣ ਲਈ ਤੁਹਾਨੂੰ ਸਵਾਈਪ ਕਰਨਾ ਪੈ ਸਕਦਾ ਹੈ।

ਆਪਣੇ ਕੈਮਰੇ ਸਾਹਮਣੇ ਸਿੱਧੇ ਬੈਠੋ, ਤਾਂ ਜੋ ਕਿ ਤੁਸੀਂ ਪੂਰੀ ਤਰਾਂ ਨਾਲ ਦਿਖਾਈ ਦੇਵੋ। ਇਹ ਸੁਨਿਸ਼ਚਿਤ ਕਰੋ ਕਿ ਮਾਈਕ੍ਰੋਫੋਨ ਆਈਕਨ ’ਤੇ ਲਾਲ ਸਲੈਸ਼ ਦੇ ਨਾਲ ਤੁਹਾਡਾ ਮਾਈਕ੍ਰੋਫੋਨ ਮਿਊਟ ਹੈ।

ਧਿਆਨ ਦਿਓ ਕਿ ਕੋਰਟ ਵਿੱਚ ਕੁਝ ਨਿਸ਼ਚਿਤ ਸੈਟਿੰਗਸ ਚੁਣੀਆਂ ਜਾ ਸਕਦੀਆਂ ਹਨ ਜੋ ਕਿ ਇਹ ਕੰਟਰੋਲ ਕਰਦੀਆਂ ਹਨ ਕਿ ਤੁਸੀਂ ਕੀ ਦੇਖ ਸਕਦੇ ਹੋ ਅਤੇ ਕੀ ਕਰ ਸਕਦੇ ਹੋ। ਉਦਾਹਰਨ ਲਈ, ਕੋਰਟ ਗੈਲਰੀ ਵਿਊ ਅਸਮਰੱਥ ਕਰ ਸਕਦਾ ਹੈ। ਇਸ ਵਿੱਚ ਸਾਰੇ ਪ੍ਰਤੀਭਾਗੀਆਂ ਦੇ ਮਾਈਕ੍ਰੋਫੋਨ ਮਿਊਟ ਹੋਣ ਲਈ ਸੈੱਟ ਹੋ ਸਕਦੇ ਹਨ। ਜੇਕਰ ਅਜਿਹਾ ਹੈ, ਤਾਂ ਤੁਹਾਨੂੰ ਇੱਕ ਸੰਦੇਸ਼ ਹਾਸਲ ਹੋਵੇਗਾ ਜੋ ਕਿ ਤੁਹਾਡੇ ਬੋਲਣ ਦੀ ਵਾਰੀ ਆਉਣ ’ਤੇ ਅਨਮਿਊਟ ਕਰਨ ਲਈ ਪ੍ਰੇਰਿਤ ਕਰੇਗਾ।

ਜੇਕਰ ਤੁਸੀਂ ਆਪਣੀ ਅਦਾਲਤੀ ਕਾਰਵਾਈ ਲਈ ਦੁਭਾਸ਼ੀਆ ਮੰਗਿਆ ਹੈ, ਤਾਂ ਮੀਟਿੰਗ ਵਿੱਚ ਸ਼ਾਮਲ ਹੋਣ ’ਤੇ ਤੁਹਾਨੂੰ ਇੱਕ ਭਾਸ਼ਾ ਚੈਨਲ ਦੀ ਚੋਣ ਕਰਨੀ ਪਵੇਗੀ। ਕਿਸੇ ਕੰਪਿਊਟਰ ’ਤੇ, ਟੂਲਬਾਰ ’ਤੇ ਗਲੋਬ ਆਈਕਨ ਚੁਣੋ। ਫਿਰ ਜਿਸ ਭਾਸ਼ਾ ਵਿੱਚ ਤੁਸੀ ਬੋਲਣਾ ਅਤੇ ਸੁਣਨਾ ਚਾਹੁੰਦੇ ਹੋ, ਉਸ ਦੀ ਚੋਣ ਕਰੋ। ਟੈਬਲੈਟ ਜਾਂ ਸਮਾਰਟਫੋਨ ’ਤੇ “More (ਹੋਰ) ” ਜਾਂ ਤਿੰਨ ਬਿੰਦੂ ਆਈਕਨ ਚੁਣੋ। ਦਿਖਾਈ ਦੇਣ ਵਾਲੇ ਮੀਨੂ ਤੋਂ “Language Interpretation) ਭਾਸ਼ਾ ਵਿਆਖਿਆ(” ਚੁਣੋ ਅਤੇ ਫਿਰ ਆਪਣੀ ਭਾਸ਼ਾ ਚੁਣੋ। ਆਪਣੀ ਚੋਣ ਦੀ ਪੁਸ਼ਟੀ ਕਰਨ ਅਤੇ ਆਪਣੇ ਭਾਸ਼ਾ ਚੈਨਲ ਵਿੱਚ ਰੱਖੇ ਜਾਣ ਲਈ “Done (ਮੁਕੰਮਲ)” ਦੀ ਚੋਣ ਕਰਨਾ ਸੁਨਿਸ਼ਚਿਤ ਕਰੋ।

ਇੱਕ ਵਾਰ ਤੁਹਾਡੇ ਭਾਸ਼ਾ ਚੈਨਲ ਵਿੱਚ, ਤੁਸੀਂ ਦੁਭਾਸ਼ੀਏ ਨੂੰ ਬੋਲਦੇ ਹੋਏ ਸੁਣੋਗੇ। ਤੁਸੀਂ ਅੰਗਰੇਜ਼ੀ ਬੋਲਣ ਵਾਲੀਆਂ ਪਾਰਟੀਆਂ ਨੂੰ ਵੀ ਬਹੁਤ ਘੱਟ ਸੁਣਿਆ ਹੋਵੇਗਾ। ਜੇਕਰ ਤੁਸੀਂ ਅੰਗਰੇਜ਼ੀ ਬੋਲਣ ਵਾਲੀਆਂ ਪਾਰਟੀਆਂ ਨੂੰ ਨਹੀਂ ਸੁਣਨਾ ਚਾਹੁੰਦੇ ਹੋ, ਤਾਂ ਭਾਸ਼ਾ ਵਿਆਖਿਆ ਮੀਨੂ ਤੋਂ “) Mute Original Audioਮੂਲ ਆਡੀਓ ਮਿਊਟ ਕਰੋ(” ਦੀ ਚੋਣ ਕਰੋ।

ਕਾਰਵਾਈ ਦੌਰਾਨ ਜੱਜ ਜਾਂ ਹੋਰਨਾਂ ਲੋਕਾਂ ਨੂੰ ਬੋਲਦੇ ਸਮੇਂ ਵਿਚਾਲਿਓਂ ਨਾ ਰੋਕੋ। ਪਰ ਜੱਜ ਨੂੰ ਦੱਸੋਂ ਕਿ ਕੀ ਤੁਹਾਡੇ ਕੁਝ ਸਵਾਲ ਜਾਂ ਤਕਨੀਕੀ ਸਮੱਸਿਆਵਾਂ ਹਨ। Zoom ’ਤੇ ਤੁਸੀਂ “) raise handਹੱਥ ਖੜ੍ਹਾ ਕਰੋ(” ਆਈਕਨ ਦਾ ਉਪਯੋਗ ਕਰ ਕੇ ਅਜਿਹਾ ਕਰ ਸਕਦੇ ਹੋ। ਤੁਸੀਂ ਕੰਪਿਊਟਰ ’ਤੇ “Reactions) ਪ੍ਰਤੀਕਿਰਿਆਵਾਂ(” ਆਈਕਨ ਜਾਂ ਫਿਰ ਸਮਾਰਟਫੋਨ ’ਤੇ ਤਿੰਨ ਬਿੰਦੂਆਂ (ਜਾਂ ਫਿਰ “) Moreਹੋਰ(” ਮੀਨੂ) ਦੀ ਚੋਣ ਕਰ ਕੇ ਇਸ ਆਈਕਨ ’ਤੇ ਪਹੁੰਚ ਸਕਦੇ ਹੋ। “) raise handਹੱਥ ਖੜ੍ਹਾ ਕਰੋ(” ਆਈਕਨ ਦਾ ਉਪਯੋਗ ਕਰਨ ਨਾਲ ਤੁਹਾਡੇ ਨਾਮ ਦੇ ਅੱਗੇ ਅਤੇ ਤੁਹਾਡੇ ਵੀਡੀਓ ਦੇ ਉੱਪਰ ਇੱਕ ਛੋਟਾ ਜਿਹਾ ਹੱਥ ਆ ਜਾਵੇਗਾ। ਇਹ ਜੱਜ ਅਤੇ ਹੋਰਨਾਂ ਪ੍ਰਤੀਭਾਗੀਆਂ ਨੂੰ ਸੰਕੇਤ ਦਿੰਦਾ ਹੈ ਕਿ ਤੁਹਾਡਾ ਕੋਈ ਸਵਾਲ ਜਾਂ ਸਮੱਸਿਆ ਹੈ।

ਤੁਹਾਡੀ ਅਦਾਲਤੀ ਕਾਰਵਾਈ ਦੇ ਅੰਤ ਵਿੱਚ, ਕੋਰਟ ਮੀਟਿੰਗ ਸਮਾਪਤ ਕਰ ਸਕਦੀ ਹੈ ਜਾਂ ਫਿਰ ਤੁਹਾਨੂੰ ਦੱਸੇਗੀ ਕਿ ਤੁਸੀਂ ਜਾ ਸਕਦੇ ਹੋ। ਮੀਟਿੰਗ ਤੋਂ ਬਾਹਰ ਨਿਕਲਣ ਲਈ ਲਾਲ “) Leave Meetingਮੀਟਿੰਗ ਛੱਡੋ(” ਬਟਨ ਦੀ ਚੋਣ ਕਰੋ।

ਸਾਨੂੰ ਉਮੀਦ ਹੈ ਕਿ ਇਸ ਵੀਡੀਓ ਨੇ ਤੁਹਾਨੂੰ Zoom 'ਤੇ ਆਪਣੀ ਦੂਰ-ਦੁਰਾਡੇ ਦੀ ਅਦਾਲਤੀ ਕਾਰਵਾਈ ਵਿੱਚ ਭਾਗ ਲੈਣ ਲਈ ਤਿਆਰ ਹੋਣ ਵਿੱਚ ਸਹਾਇਤਾ ਕੀਤੀ ਹੈ। ਤੁਸੀਂ "Preparing for Your Remote Court Proceeding on Zoom (Zoom 'ਤੇ ਤੁਹਾਡੀ ਰਿਮੋਟ ਕੋਰਟ ਦੀ ਕਾਰਵਾਈ ਦੀ ਤਿਆਰੀ)" ਦੇਖਣਾ ਵੀ ਚਾਹ ਸਕਦੇ ਹੋ, ਨਾਲ ਹੀ ਦਿੱਤੇ ਗਏ ਸਾਧਨਾਂ ਦੀ ਸਮੀਖਿਆ ਵੀ ਕਰ ਸਕਦੇ ਹੋ। ਸੰਪਰਕ ਜਾਣਕਾਰੀ ਲਈ, ਆਪਣੀ ਸਥਾਨਕ ਕੋਰਟ ਦੀ ਵੈੱਬਸਾਈਟ ਤੋਂ ਜਾਂਚ ਕਰੋ। ਕੋਰਟ ਦੀ ਵੈੱਬਸਾਈਟ ਵਿੱਚ ਵੀਡੀਓ ਜਾਂ ਫੋਨ ਦੇ ਮਾਧਿਅਮ ਨਾਲ ਪੇਸ਼ ਹੋਣ ਲਈ ਸਿੱਧੇ ਲਿੰਕ ਵੀ ਸ਼ਾਮਲ ਹੋ ਸਕਦੇ ਹਨ।

ਤੁਹਾਡਾ ਧੰਨਵਾਦ!